2022/54268
23/12/2022

# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221

ਵੱਲ

1.ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
2. ਸਮੂਹ ਹੈਡ ਮਾਸਟਰ/ਪ੍ਰਿੰਸੀਪਲ, ਪੰਜਾਬ।

ਮੀਮੋ ਨੰ:E-427452/682
ਮਿਤੀ, ਐਸ.ਏ.ਐਸ. ਨਗਰ 22.12.2022

ਵਿਸ਼ਾ- **ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ (PSTSE -ਜਮਾਤ ਦਸਵੀਂ) -2021 & 2022 ਅਤੇ ਰਾਜ ਪੱਧਰ ਦੀ ਨੈਸ਼ਨਲ ਮੀਨਜ਼-ਕਮ-ਮੈਰਿਟ ਸਕਾਲਰਸ਼ਿਪ(NMMSS) ਅਤੇ ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ (PSTSE) ਸੈਸ਼ਨ 2022 (ਜਮਾਤ ਅੱਠਵੀਂ) ਦੇ ਸਬੰਧ ਵਿੱਚ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਦਫਤਰ, ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ (SCERT), ਪੰਜਾਬ ਵੱਲੋਂ ਸੈਸ਼ਨ 2021-22 ਅਤੇ ਸੈਸ਼ਨ 2022-23 ਦੀ ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆਵਾਂ (PSTSE-class 10th) ਅਤੇ ਰਾਜ ਪੱਧਰ ਦੀ ਨੈਸ਼ਨਲ ਮੀਨਜ਼-ਕਮ-ਮੈਰਿਟ ਸਕਾਲਰਸ਼ਿਪ (NMMSS) ਅਤੇ PSTSE ਸੈਸ਼ਨ 2022 (ਜਮਾਤ ਅੱਠਵੀਂ) ਪ੍ਰੀਖਿਆਵਾਂ ਸਾਂਝੇ ਤੌਰ ਤੇ ਹੇਠ ਲਿਖੇ ਅਨੁਸਾਰ **ਮਿਤੀ 05.02.2023** ਨੂੰ ਲਈਆਂ ਜਾਣੀਆਂ ਹਨ: -

| S.No. | Date | Class | Session | Exam | Remarks |
|---|---|---|---|---|---|
| 1 | 05.02.2023 | 10th | 2021-22 | PSTSE | ਉਨ੍ਹਾਂ ਵਿਦਿਆਰਥੀਆਂ ਲਈ ਜੋ ਹੁਣ 11th ਕਲਾਸ ਵਿੱਚ ਪੜ੍ਹ ਰਹੇ ਹਨ। |
| 2 | 05.02.2023 | 10th | 2022-23 | PSTSE | 10th ਕਲਾਸ ਵਿੱਚ ਪੜ੍ਹਦੇ ਵਿਦਿਆਰਥੀਆਂ ਲਈ । |
| 3 | 05.02.2023 | 8th | 2022-23 | NMMS& PSTSE | 8th ਕਲਾਸ ਵਿੱਚ ਪੜ੍ਹਦੇ ਵਿਦਿਆਰਥੀਆਂ ਲਈ । |

3.0 ਇਨ੍ਹਾਂ ਪ੍ਰੀਖਿਆਵਾਂ ਲਈ ਸੈਸ਼ਨ 2022-23 ਦੇ ਵਿਦਿਆਰਥੀਆਂ ਵੱਲੋਂ ਰਜਿਸਟ੍ਰੇਸ਼ਨ **ਮਿਤੀ 16-12-2022 ਤੋਂ 10-01-2023** ਤੱਕ ਸਿੱਖਿਆ ਵਿਭਾਗ ਦੇ ਈ-ਪੰਜਾਬ ਪੋਰਟਲ www.epunjabschool.gov.in ਤੇ ਕੀਤੀ ਜਾ ਸਕਦੀ ਹੈ।

4.0 PSTSE(class-10th) ਸੈਸ਼ਨ 2021-22 ਦੇ ਵਿਦਿਆਰਥੀ ਜੋ ਕਿ ਹੁਣ 10+1 ਜਮਾਤ ਵਿਚ ਪੜ ਰਹੇ ਹਨ ਉਹ ਈ-ਪੰਜਾਬ ਪੋਰਟਲ ਤੇ, ਇਸ ਪ੍ਰੀਖਿਆ ਲਈ, ਪਹਿਲਾਂ ਹੀ ਰਜਿਸਟਰਡ ਹਨ, ਉਨ੍ਹਾਂ ਨੂੰ **ਦੋਬਾਰਾ ਅਪਲਾਈ ਕਰਨ ਦੀ ਜਰੂਰਤ ਨਹੀਂ ਹੈ।**

5.0 PSTSE (class-10th) ਸੈਸ਼ਨ 2022-23 ਦੀ ਪ੍ਰੀਖਿਆ ਲਈ ਕੇਵਲ ਸਰਕਾਰੀ ਸਕੂਲ (ਸਕੂਲ ਸਿੱਖਿਆ ਵਿਭਾਗ, ਪੰਜਾਬ) ਵਿੱਚ ਪੜ੍ਹਦੇ ਵਿਦਿਆਰਥੀ ਅਪਲਾਈ ਕਰ ਸਕਦੇ ਹਨ।

ਦਫਤਰ ਜ਼ਿਲ੍ਹਾ ਸਿੱਖਿਆ (ਸੈ.ਸਿ) ਬਠਿੰਡਾ
ਪਿੱਠ ਅੰਕਣ ਨੰ. ਪ-6/1(C)/2022/381 ਮਿਤੀ 23/12/2022
ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਲਿਖ ਕੇ ਭੇਜਿਆ ਜਾਂਦਾ ਹੈ ਕਿ ਇਸ ਪੱਤਰ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

23/12/22
ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ।

Scanned with OKEN Scanner

PSTSE (class-10th) ਦੀ ਪ੍ਰੀਖਿਆ ਦੇ ਨਤੀਜੇ ਦੀ ਮੈਰਿਟ ਵਿੱਚੋਂ ਰਿਜ਼ਰਵੇਸ਼ਨ/ਮੈਰਿਟ ਅਨੁਸਾਰ ਕੁਲ 500 ਵਿਦਿਆਰਥੀਆਂ ਦੀ ਚੋਣ PSTSE ਸੈਸ਼ਨ 2021-22 ਲਈ ਅਤੇ ਕੁਲ 500 ਵਿਦਿਆਰਥੀਆਂ ਦੀ ਚੋਣ PSTSE ਸੈਸ਼ਨ 2022-23 ਦੇ ਸਕਾਲਰਸ਼ਿਪ ਲਈ ਕੀਤੀ ਜਾਵੇਗੀ।

੩.੦ NMMSS ਅਤੇ PSTSE(class-8th) ਦੀ ਸਾਂਝੀ ਪ੍ਰੀਖਿਆ ਲਈ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਅਤੇ ਲੋਕਲ ਬੌਡੀਜ਼ ਸਕੂਲਾਂ ਦੇ ਵਿਦਿਆਰਥੀ ਹੀ ਅਪਲਾਈ ਕਰ ਸਕਦੇ ਹਨ।

੪.੦ NMMSS ਦਾ ਨਤੀਜਾ ਤਿਆਰ ਕਰਦੇ ਸਮੇਂ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਅਤੇ ਲੋਕਲ ਬੌਡੀਜ਼ ਸਕੂਲਾਂ ਦੇ ਵਿਦਿਆਰਥੀਆਂ ਦੀ ਜ਼ਿਲ੍ਹਾ ਵਾਇਜ਼ ਮੈਰਿਟ ਬਣਾਈ ਜਾਵੇਗੀ ਜਿਸ ਵਿੱਚੋਂ ਰਿਜ਼ਰਵੇਸ਼ਨ/ਮੈਰਿਟ ਅਨੁਸਾਰ ਜ਼ਿਲ੍ਹਾ ਵਾਇਜ਼ ਨਤੀਜਾ ਤਿਆਰ ਕਰਨ ਉਪਰੰਤ ਵਿਦਿਆਰਥੀਆਂ ਦੀ NMMSS ਸਕਾਲਰਸ਼ਿਪ ਲਈ ਚੋਣ ਕੀਤੀ ਜਾਵੇਗੀ।

੫.੦ NMMSS ਦੀ ਪ੍ਰੀਖਿਆ ਦਾ ਨਤੀਜਾ ਤਿਆਰ ਕਰਨ ਉਪਰੰਤ, ਬਾਕੀ ਰਹਿੰਦੇ ਸਿਰਫ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦਾ ਨਤੀਜਾ consolidate ਕਰਕੇ PSTSE ਨਤੀਜੇ ਦੀ ਮੈਰਿਟ ਤਿਆਰ ਕੀਤੀ ਜਾਵੇਗੀ ਜਿਸ ਵਿੱਚੋਂ ਰਿਜ਼ਰਵੇਸ਼ਨ/ਮੈਰਿਟ ਅਨੁਸਾਰ ਅੱਠਵੀਂ ਜਮਾਤ ਦੇ ਕੁਲ 500 ਵਿਦਿਆਰਥੀਆਂ ਦੀ ਚੋਣ PSTSE ਸਕਾਲਰਸ਼ਿਪ ਲਈ ਕੀਤੀ ਜਾਵੇਗੀ।

23.12.22

ਸਹਾਇਕ ਡਾਇਰੈਕਟਰ

ਐਸ.ਸੀ.ਈ.ਆਰ.ਟੀ, ਪੰਜਾਬ

Scanned with OKEN Scanner